ਸਭ ਹਕ ਰਾਖਵੇਂ ਹਨ ਟੀਕਾਕਾਰ ਦੀ ਆਗਯਾ ਬਿਨਾ ਕੋਈ ਨਾ ਛਾਪੇ
ਇਸਦੀ ਕਾਨੂਨ ਅਨੁਸਾਰ ਰਜਿਸਟ੍ਰੀ ਕਰਾਈ ਗਈ ਹੈ ।

ੴ ੴ

9-977

# ਚਾਣਕਯ ਨੀਤੀ ਦਰਪਣ

## ਬਾਲ ਬੋਧਨੀ ਟੀਕਾ

ਅਰਥਾਤ

# ਚਣਾਕਾ ਰਾਜ ਨੀਤੀ ਸਟੀਕ

ਸੰਸਕ੍ਰਿਤ ਮੂਲ ਸ੍ਰੀ ਪੰਡਿਤ ਚਾਣਕਯ ਮੁਨੀ ਜੀ
ਅਤੇ
ਭਾਖਾ ਮੂਲ (ਸ੍ਰੀ ਕਲਗੀਧਰ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ
ਕਵਿ ਸਿਰੋਮਣੀ ਜੀ ਦੇ ਦਰਬਾਰੀ ੫੨ ਕਵੀਆਂ ਵਿਚੋਂ)
ਸ੍ਰੀ ਕਵੀ ਸੈਨਾ ਪਤੀ ਜੀ
ਅਤੇ

ਬਾਲ ਬੋਧਨੀ ਟੀਕਾ ਕਾਰ
ਭਾਈ ਗੁਲਾਬ ਸਿੰਘ ਗਯਾਨੀ ਸੇਵਕ ਡੇਹਰਾ
ਸਾਹਿਬ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ
ਅਤੇ
ਪੰਜਾਬੀ ਪ੍ਰੋਫੈਸਰ ਓਰੀਅੰਟਲ ਕਾਲਿਜ ਲਾਹੌਰ

ਕਰਤਾ ਦੀ ਆਗਯਾ ਨਾਲ
ਭਾਈ ਗੁਰਦਿਆਲ ਸਿੰਘ ਐਂਡ ਸੰਨ
ਪੁਸਤਕਾਂ ਵੇਚਨ ਤੇ ਛਾਪਨ ਵਾਲਾ ਲੁਹਾਰੀ ਦਰਵਾਜਾ ਲਾਹੌਰ
ਨੇ ਛਪਵਾਇਆ

ਪਹਲੀਵਾਰ ੧੦੦੦ ਮੋਖ ੧)

ਸਿਵਰਾਮ ਪਰਿੰਟਿੰਗ ਪ੍ਰੇਸ ਲਾਹੌਰ ਮੇਂ ਟੈਇਟਲ ਛਪਾ ।

੧ ਓ ਸ੍ਰੀ ਵਾਹਿਗੁਰੂ ਜੀ ਕੀ ਫਤੇਹ ॥

## —‡ ਭੂਮਿਕਾ ‡—

ਹੇ ਦੇਸ਼ ਹਿਤਕਾਰੀਓ ! ਇਸ ਬਾਤ ਨੂੰ ਹੁਣ ਸਭ ਪੁਰਸ਼ ਜਾਣਦੇ ਹਨ ਕਿ ਦੇਸ਼ ਦਾ ਉਧੱਾਰ ਓਦੋਂ ਤੋੜੀ ਹੋਣਾ ਔਖਾ ਹੈ ਜਦੋਂ ਤੋੜੀ ਕਿ ਉਸ ਦੇਸ਼ ਦੀ ਬੋਲੀ ਨੂੰ ਉੱਨਤੀ ਨਾਂ ਦਿਤੀ ਜਾਵੇ। ਭਾਰਤਵਰਸ਼ ਵਿਖੇ ਇਸ ਬਾਤ ਨੂੰ ਸਭ ਤੋਂ ਪਹਿਲਾਂ ਸਿੱਖ ਗੁਰੂ ਸਾਹਿਬਾਂ ਨੇ ਪਰਤੀਤ ਕੀਤਾ। ਇਸ ਲਈ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੇਸੀ ਬੋਲੀ ਵਿਖੇ ਧਰਮ ਦੇ ਪ੍ਰਚਾਰ ਦਾ ਅਰੰਭ ਕੀਤਾ, ਤੇ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਪੰਜਾਬੀ ਅੱਖਰ ਬਣਾਕੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਨਾਨਕਦੇਵ ਜੀ ਦਾ ਇਤਿਹਾਸ ਦੇਸੀ ਬੋਲੀ ਵਿਖੇ ਲਿਖਵਾਇਆ, ਜੋ ਹੁਣ ਭਾਈ ਬਾਲੇ ਵਾਲੀ ਜਨਮ ਸਾਖੀ ਦੇ ਨਾਮ ਨਾਲ ਪ੍ਰਸਿੱਧ ਹੈ, ਅਤੇ ਸ੍ਰੀ ਗੁਰੂ ਅਰਜਨਦੇਵ ਜੀ ਨੇ ਬੀ ਸਿੱਖ ਧਰਮ ਦੇ ਪਵਿੱਤ੍ਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਭਾਈ ਗੁਰਦਾਸ ਜੀ ਦੀ ਲੇਖਨੀ ਤੋਂ ਦੇਸੀ ਬੋਲੀ ਵਿਖੇ ਲਿਖਵਾਕੇ ਪ੍ਰਕਾਸ਼ਤ ਕੀਤਾ। ਇਸ ਤੋਂ ਪਿਛੋਂ ਭਾਰਤਵਰਸ਼ ਦੇ ਸੱਚੇ ਸਹਾਇਕ ਮਹਾਨ ਸੂਰਬੀਰ ਤੇ ਪੂਰਨ ਵਿੱਦਵਾਨ ਕਵੀਰਾਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੇਸੀ ਬੋਲੀ ਨੂੰ ਓਹ ਉੱਨਤੀ ਦਿੱਤੀ ਜੋ ਕਹੀ ਨਹੀਂ ਜਾ ਸੱਕਦੀ, ਅਰਥਾਤ ਆਪਣੇ ਦਰਬਾਰ ਵਿਖੇ ੫੨ ਕਵੀ ਨੌਕਰ ਰੱਖਕੇ ਉਨ੍ਹਾਂ ਤੋਂ ਚੌਹਾਂ ਵੇਦਾਂ, ਛੀਆਂ ਸ਼ਾਸਤ੍ਰਾਂ, ਤੇ ਸਿੰਮ੍ਰਤੀਆਂ, ਮਹਾਂ ਭਾਰਤ ਅਤੇ ਭਾਗਵਤ ਆਦਿਕ ਅਨੇਕਾਂ ਹੀ ਸ਼ਾਸਤ੍ਰਾਂ ਦੇ ਟੀਕੇ ਕਰਾਏ ਅਤੇ ਅਨੇਕ ਧਾਰਮਿਕ ਗ੍ਰੰਥ ਆਪ ਬੀ ਰਚੇ। ਗੱਲ ਕੀ ਸ੍ਰੀ ਕਲਗੀਧਰ ਜੀ ਨੇ ਸਰਬਤ੍ਰ ਧਾਰਮਕ ਤੇ ਵਿਵਹਾਰਕ ਗ੍ਰੰਥਾਂ ਦਾ ਅਨੁਵਾਦ ਆਪਣੀ ਦੇਸੀ ਬੋਲੀ ਵਿਖੇ ਕੀਤਾ ਤੇ ਕਰਵਾਇਆ। ਉਸੇ ਹੀ ਸਮੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਆਗਜਾ ਨਾਲ ਇਸ "ਚਾਣਕਜ ਨੀਤਿ" ਦਾ ਅਨੁਵਾਦ ਲਿਖਾਰੀ ( ਖੁਸ਼ਨਵੀਸ ) ਕਵਿ ਸੈਨਾਪਤਿ ਨੇ ਜੋ ੫੨ ਕਵੀਆਂ ਵਿੱਚੋਂ ਸੀ, ਕੀਤਾ ਹੈ। ਜਿਹਾ ਕਿ ਕਵੀ ਸੈਨਾਪਤਿ ਨੇ ਇਸ ਉਲਥੇ ਦੇ ਅੰਤ ਵਿਖੇ ਆਪ ਲਿਖਿਆ ਹੈ:-

ਦੋਹਰਾ-ਗੁਰੂ ਗੋਬਿੰਦ (ਸਿੰਘ) ਕੀ ਸਭਾ ਮੈ ਲੇਖਿਕ ਪਰਮ ਸੁਜਾਨ।
ਚਾਣਾਕਾ ਭਾਖਾ ਕੀਓ ਕਵਿ ਸੈਨਾਂ ਪਤਿ ਨਾਮ ॥

ਪਰ ਸਾਡੇ ਲਈ ਸ਼ੋਕ ਦੀ ਗੱਲ ਹੈ ਕਿ ਏਹ ਸਭ ਗ੍ਰੰਥ ਜੋ ਇਤਨੇ ਯਤਨ ਨਾਲ ਗੁਰੂ ਮਹਾਰਾਜ ਜੀ ਨੇ ਆਪ ਅਤੇ ਕਵੀਆਂ ਤੋਂ ਬਣਵਾਏ ਸਨ, ਸੰਮਤ ੧੭੬੧ ਬਿ: ਦੇ ਯੁੱਧ ਵਿਖੇ ਅਨੰਦ ਪੁਰ ਲੁੱਟੇ ਜਾਣ ਸਮੇਂ ਮੁਸਲਮਾਨ ਜ਼ਾਲਮਾਂ ਦੇ ਹਥੋਂ ਜਲਪਰਵਾਹ ਕੀਤੇ ਗਏ ਯਾ ਸਾੜੇ ਗਏ, ਪਰ ਉਨ੍ਹਾਂ ਵਿਚੋਂ ਕੁਝਕ ਗ੍ਰੰਥ ਜੋ ਇਸ ਯੁੱਧ ਤੋਂ ਪਹਿਲਾਂ ਦੇਸ ਵਿਖੇ ਪਰ-ਵਿਰਤ ਹੋ ਗਏ ਸਨ ਯਾ ਸਿੱਖਾਂ ਨੇ ਆਪਣੀਆਂ ਜਾਨਾਂ ਹੂਲਕੇ ਸਤਲੁਜ ਵਿਚੋਂ ਕੱਢ ਲਏ ਸਨ, ਬਾਕੀ ਰਹਿ ਗਏ ਸਨ। ਉਨ੍ਹਾਂ ਹੀ ਬਚੇ ਹੋਏ ਗ੍ਰੰਥਾਂ ਵਿਚੋਂ ਇਹ "ਚਾਣਕ੍ਯ ਨੀਤਿ" ਯਾ ਚਾਣਾਕਾ ਨਾਮੇ ਗ੍ਰੰਥ ਹੈ, ਕਿਉਂ ਜੋ ਸੰਸਾਰੀ ਪੁਰਸ਼ਾਂ ਨੂੰ ਰਾਜਨੀਤਿ ਦਾ ਜਾਣਨਾ ਅਵੱਸ਼ ਲੋੜੀਦਾ ਹੈ, ਪਰ ਇਸ ਦੇ ਕਵਿਤਾ ਵਿਖੇ ਹੋਣ ਦੇ ਕਾਰਣ ਇਸ ਸਮੇਂ ਦੇ ਲੋਕਾਂ ਨੂੰ ਇਸਦੇ ਅਰਥਾਂ ਦਾ ਸਮਝਣਾ ਕੁਝ ੨ ਕਠਨ ਪ੍ਰਤੀਤ ਹੋਣ ਲਗਾ, ਇਸ ਔਕੜ ਨੂੰ ਮੁੱਖ ਰਖਕੇ ਤੇ ਬਹੁਤ ਕਰਕੇ ਵਿਦਯਾਰਥੀਆਂ ਦੇ ਲਾਭ ਲਈ ਏਹ ਪਹਿਲੀ ਭੇਟਾ ਵੰਨਗੀ ਦਿਖਾਣ ਵਾਸਤੇ, "ਚਾਣਕ੍ਯ ਨੀਤਿ ਦਰਪਣ" ਬਾਲ ਬੋਧਨੀ ਟੀਕਾ ਰਚੀ ਗਈ ਹੈ ॥

ਹੋਰ ਗ੍ਰੰਥਾਂ ਦੇ ਟੀਕਿਆਂ ਨਾਲੋਂ ਇਸ ਚਾਣਕ੍ਯ ਨੀਤਿ ਦਰਪਣ ਦੇ ਟੀਕੇ ਵਿਚ ਏਹ ਵਾਧਾ ਹੈ:-

ਮੂਲ ਦਾ ਪਾਠ ਮੋਟੇ ਅੱਖਰਾਂ ਵਿੱਚ ਹੈ, ਔਖੇ ੨ ਪਦਾਂ ਦੇ ਅਰਥ ਅੱਡ ੨ ਕਰਕੇ ਲਿਖੇ ਹਨ ਅਤੇ ਹਰ ਇਕ ਤੁਕ ਦਾ ਅਰਥ ਵਖੋ ਵੱਖ ਲਿਖਿਆ ਹੈ, ਇਕ ਤੁਕ ਨਾਲ ਦੂਜੀ ਤੁਕ ਦੇ ਅਰਥ ਮਿਲਗੋਭਾ ਨਹੀਂ ਕਿ ਪੜ੍ਹਨ ਵਾਲੇ ਨੂੰ ਪਤਾ ਹੀ ਨਾ ਲਗੇ ਕਿ ਫਲਾਣੀ ਤੁਕ ਜਾਂ ਫਲਾਣੇ ਪਦ ਦਾ ਅਰਥ ਕੀ ਹੈ ਤੇ ਮੈਂ ਕਿਸ ਤਰਾਂ ਲੱਭਾਂ। ਅਤੇ ਸਭ ਤੋਂ ਵਡਾ ਗੁਣ ਇਸ ਵਿੱਚ ਏਹ ਹੈ ਜੋ ਇਸਦੇ ਅਰਥ ਮੁਹਾਵਰੇ ਨਾਲ ਨਹੀਂ ਲਿਖੇ, ਅੱਖਰ ਅਰਥ ਲਿਖੇ ਹਨ ਜੋ ਹਰ ਇਕ ਅਣਜਾਣ ਪੁਰਸ਼ ਦੀ ਸਮਝ ਵਿੱਚ ਬੀ ਆ ਜਾਣ। ਇਸ ਲਈ ਜੇਕਰ ਏਹ ਚਾਣਕ੍ਯ ਨੀਤਿ ਦਰਪਣ ਦਾ ਟੀਕਾ ਆਪ ਦੇ ਪਸੰਦ ਹੈ ਅਰ ਇਸਤੋਂ ਆਪ ਨੂੰ ਲਾਭ ਪਹੁੰਚਿਆ ਹੈ ਤਾਂ ਆਪ ਆਪਣੀ ਪ੍ਰਸੰਨਤਾ ਦਾ ਪਤ੍ਰ ਜ਼ਰੂਰ ਦਾਸ ਨੂੰ ਭੇਜੋ, ਜਿਸ ਕਰਕੇ ਦਾਸ ਦਾ ਉਤਸ਼ਾਹ ਹੋਰ ਬੀ ਵਧੇ ਅਰ ਜੇ ਕਰ ਆਪ ਆਪਣੀ ੨ ਇਛਾ ਪ੍ਰਗਟ ਕਰੋ ਤਾਂ ਦਾਸ ਹੋਰ ਟੀਕੇ ਬੀ ਅਜੇਹੇ ਹੀ ਢੰਗ ਦੇ ਤਿਆਰ ਕੀਤੇ ਹੋਏ ਆਪ ਦੀ ਦ੍ਰਿਸ਼ਟੀ ਗੋਚਰ ਕਰੇ ਕਿ ਜਿਸਤੋਂ ਆਪ ਬਿਨਾ ਕਿਸੇ ਦੇ ਪੜ੍ਹਾਏ ਅਤੇ ਔਖੇ ਦੇ ਗ੍ਰੰਥਾਂ ਦੇ ਅਰਥ ਸਮਝ ਸੱਕੋ, ਅਤੇ ਕਈ ਟੀਕਾਕਾਰਾਂ ਨੇ ਤਾਂ ਕਈ ਤੁਕਾਂ ਤੇ ਕਈ ਪਦ ਅਰ ਛੰਦ ਮਨ ਘੜਤ ਹੀ ਬਣਾ ਕੇ ਨਵੇਂ ਲਿਖ ਦਿਤੇ

ਹਨ, ਕੇਹਾ ਚੰਗਾ ਹੁੰਦਾ ਜੇ ਕਰ ਓਹ ਰਾਜ ਨੀਤੀ ਹੀ ਆਪਣੇ ਮਤਲਬ ਦੀ ਨਵੀਂ ਬਣਾਕੇ ਟੀਕਾ ਕਰ ਲੈਂਦੇ। ਇਸ ਲਈ ਓਹਨਾਂ ਪੁਸਤਕ੍ਰਾਂ ਨੂੰ ਨਕਲੀ ਤੇ ਧੋਖਾ ਦੇਣ ਵਾਲਾ ਜਾਣੋ ਅਰ ਇਹ। ਅਸਲ ਚਾਣਕਯ ਨਾਮੇ ਗ੍ਰੰਥ ਹੈ, ਅਸਲ ਕਵੀ ਦੇ ਭੇਦ ਤੇ ਮਤਲਬ ਨੂੰ ਲੁਕਾਉਣਾ ਸ੍ਰੇਸ਼ਟ ਪੁਰਸ਼ਾਂ ਦਾ ਕੰਮ ਨਹੀਂ ਹੈ, ਇਸ ਲਈ ਆਪ ਅਸਲੀ ਤੇ ਨਕਲੀ ਦੀ ਪਛਾਣ ਕਰ ਲੈਣੀ, ਅਰ ਇਸ ਚਾਣਕਯ ਨੀਤਿ ਦੇ ਕਈ ਛੰਦ ਅਨਜਾਣ ਲੋਕਾਂ ਨੇ ਨੀਤਿ ਦੇ ਵਿਰੁਧ ਵਿਗਾੜ ਦਿਤੇ ਸਨ ਅਰ ਕਈ ਅਯੋਗ ਛੰਦ ਇਸ ਵਿਚ ਰਲਾ ਦਿਤੇ ਸਨ ਸੋ ਸੰਸਕ੍ਰਿਤ ਦੇ ਅਸਲੀ ਚਾਣਕਯ ਨੀਤਿ ਨਾਲ ਸੋਧ ਕੇ ਠੀਕ ਕੀਤੇ ਗਏ ਹਨ ॥

ਇਸਦੇ ਟੀਕਾ ਕਰਣ ਵਿਚ ਸ੍ਰੀ ਮਾਨ ਭਾਈ ਪ੍ਰਾਕਰਮ ਸਿੰਘ ਜੀ ਗਯਾਨੀ ਸਕੂਲਮਾਸਟਰ ਰਿਆਸਤ ਸੰਗਰੂਰ ਨੇ ਵਡੀ ਭਾਰੀ ਸਹਾਇਤਾ ਕੀਤੀ ਹੈ ਜਿਸਤੇ ਦਾਸ ਉਨ੍ਹਾਂ ਦਾ ਧੰਨਵਾਦੀ ਹੈ ॥

ਅੰਤ ਵਿੱਚ ਪ੍ਰਾਰਥਨਾਂ ਹੈ ਕਿ ਗੁਣੀ ਪੁਰਸ਼ ਇਸ ਵਿਖੇ ਜਿਥੇ ਕੋਈ ਭੁੱਲ ਦੇਖਣ ਤਾਂ ਪਤ੍ਰ ਦ੍ਵਾਰਾ ਖਬਰ ਦੇਣ ਤਾਕਿ ਦੂਜੀ ਵੇਰ ਛਾਪਣ ਵੇਲੇ ਸੋਧ ਦਿੱਤੀ ਜਾਵੇ, ਅਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਦ੍ਵਾਰਾ ਦਾਸ ਨੂੰ ਖਿਮਾਂ ਕਰਨ।

ਬਚਨ ਹੈ:-

"ਭੁਲਣ ਅੰਦਰ ਸਭ ਕੋ ਅਭੁਲ ਗੁਰੂ ਕਰਤਾਰ"

ਲੇਖਕ

**ਗੁਲਾਬ ਸਿੰਘ, ਗਯਾਨੀ,**

**ਲਾਹੌਰ.**

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.